# ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

ਨੰਬਰ ਪ੍ਰਬੰਧਕੀ/ਸਅ-4/ਫ.ਨੰ:563/2019/ 632

ਮਿਤੀ 14/11/2019

## ਸਰਕੂਲਰ

ਬੋਰਡ ਦੇ ਸਾਰੇ ਫੀਲਡ ਦਫਤਰਾਂ ਵਿੱਚ ਤਾਇਨਾਤ ਜੂਨੀਅਰ ਵਾਤਾਵਰਣ ਇੰਜੀਨੀਅਰ ਅਤੇ ਸਹਾਇਕ ਵਾਤਾਵਰਣ ਇੰਜੀਨੀਅਰਾਂ ਨੂੰ ਫੀਲਡ ਵਿਜਟ ਵਾਸਤੇ ਇੰਸਪੈਕਸ਼ਨ ਰਜਿਸਟਰ ਮੇਨਟੇਨ ਕਰਨ ਵਾਸਤੇ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ।

ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਅਧਿਕਾਰੀਆ ਵੱਲੋਂ ਇਹਨਾਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ, ਜਿਸ ਸਬੰਧੀ ਦਫਤਰ ਵਲੋਂ ਗੰਭੀਰ ਨੋਟਿਸ ਲਿਆ ਗਿਆ ਹੈ।

ਬੋਰਡ ਦੇ ਸਾਰੇ ਫੀਲਡ ਦਫਤਰਾਂ ਦੇ ਇੰਚਾਰਜਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹਨਾਂ ਅਧੀਨ ਕੰਮ ਕਰ ਰਹੇ ਸਾਰੇ ਜੂਨੀਅਰ ਵਾਤਾਵਰਣ ਇੰਜੀਨੀਅਰ ਅਤੇ ਸਹਾਇਕ ਵਾਤਾਵਰਣ ਇੰਜੀਨੀਅਰ ਜਿਹਨਾਂ ਨੇ ਫੀਲਡ ਵਿਜਟ ਵਾਸਤੇ ਜਾਣਾ ਹੁੰਦਾ ਹੈ, ਉਹ ਇੰਸਪੈਕਸ਼ਨ ਰਜਿਸਟਰ ਵਿੱਚ ਇੰਦਰਾਜ ਕਰਨ ਦੇ ਨਾਲ-ਨਾਲ ਰੋਜ਼ਾਨਾ ਅਲੱਗ ਤੋਰ ਤੇ ਆਪਣੀ ਡਾਇਰੀ ਮੇਨਟੇਨ ਕਰਨ, ਜਿਸ ਵਿੱਚ ਆਉਣ ਵਾਲੇ ਹਫਤੇ ਵਿੱਚ ਹੋਣ ਵਾਲੀਆਂ ਮੀਟਿੰਗਾਂ, ਕੋਰਟ ਕੇਸਾਂ ਅਤੇ ਵਿਜਟ ਕੀਤੇ ਜਾਣ ਵਾਲੇ ਉਦਯੋਗਾਂ ਸਬੰਧੀ ਵੀ ਲਿਖਿਆਂ ਜਾਇਆਂ ਕਰੇ ਅਤੇ ਇਹ ਵੀ ਸਪਸ਼ਟ ਤੌਰ ਤੇ ਦਰਜ ਕੀਤਾ ਜਾਇਆ ਕਰੇ ਕਿ ਉਹਨਾਂ ਵਲੋਂ ਕਿਹੜੇ-ਕਿਹੜੇ ਕੰਮ ਕੀਤੇ ਗਏ ਅਤੇ ਵਿਜਟ ਕੀਤੇ ਗਏ ਉਦਯੋਗਾਂ ਦੇ ਪੂਰੇ ਵੇਰਵੇ ਦਰਜ ਕੀਤੇ ਜਾਇਆ ਕਰਨ। ਇਸ ਤੋਂ ਇਲਾਵਾ ਪ੍ਰਦੂਸ਼ਣ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਉਦਯੋਗਾਂ ਖਿਲਾਫ ਕਾਰਵਾਈ ਵਾਸਤੇ ਕੀ ਕਾਰਵਾਈ ਕੀਤੀ ਗਈ, ਬਾਰੇ ਸੰਖੇਪ ਵਿੱਚ ਦਰਜ ਕੀਤਾ ਜਾਇਆ ਕਰੇ। ਮੇਨਟੇਨ ਕੀਤੀ ਗਈ ਡਾਇਰੀ ਦਫਤਰ ਦੇ ਇਨਚਾਰਜ ਤੋ ਚੈਕ ਕਰਵਾਉਣ ਉਪਰੰਤ ਮੈਂਬਰ ਸਕੱਤਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ ਨੂੰ ਮਹੀਨਾਵਾਰ ਰਿਪੋਰਟ ਭੇਜੀ ਜਾਵੇ।

ਉਕਤ ਹਦਾਇਤਾਂ ਆਪਣੇ ਅਧੀਨ ਕੰਮ ਕਰ ਰਹੇ ਸਾਰੇ ਅਧਿਕਾਰੀਆਂ ਨੂੰ ਇੰਨ-ਬਿੰਨ ਪਾਲਣਾ ਹਿੱਤ ਨੋਟ ਕਰਵਾ ਦਿੱਤੀਆਂ ਜਾਣ।

(ਪ੍ਰੋ: ਐਸ.ਐਸ. ਮਰਵਾਹਾ)
ਚੇਅਰਮੈਨ

ਪਿੱਠ ਅੰਕਣ ਨੰਬਰ: ਪ੍ਰਬੰਧਕੀ/ਸਅ-4/2019/ 34368-409 ਮਿਤੀ 14/11/2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਇੰਨ-ਬਿੰਨ ਪਾਲਣਾ ਲਈ ਭੇਜਿਆ ਜਾਂਦਾ ਹੈ:

1. ਮੁੱਖ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ/ਲੁਧਿਆਣਾ/ਜਲੰਧਰ/ਬਠਿੰਡਾ/ਹੈਡ ਕੁਆਟਰ।
2. ਸੀਨੀਅਰ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਜੋਨਲ ਦਫਤਰ-1/2/ਪਟਿਆਲਾ/ਲੁਧਿਆਣਾ-1/2/ਜਲੰਧਰ/ਸ੍ਰੀ ਅੰਮ੍ਰਿਤਸਰ ਅਤੇ ਬਠਿੰਡਾ।
3. ਸੀਨੀਅਰ ਵਾਤਾਵਰਣ ਇੰਜੀਨੀਅਰ (ਹੈ:ਕੁ-1/2), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
4. ਸਪੈਸ਼ਲ ਸਕੱਤਰ (ਪੀ.ਐਂਡ.ਜੀ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਐਸ.ਏ.ਐਸ. ਨਗਰ।
5. ਸੀਨੀਅਰ ਵਿਗਿਆਨਕ ਅਫਸਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
6. ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਪਟਿਆਲਾ/ ਲੁਧਿਆਣਾ-1/2/3/4/ਜਲੰਧਰ/ਸ੍ਰੀ ਅੰਮ੍ਰਿਤਸਰ/ਹੁਸ਼ਿਆਰਪੁਰ/ਬਟਾਲਾ/ਸੰਗਰੂਰ/ਬਠਿੰਡਾ/ਫਰੀਦਕੋਟ/ ਸ੍ਰੀ ਫਤਹਿਗੜ੍ਹ ਸਾਹਿਬ/ਐਸ.ਏ.ਐਸ. ਨਗਰ।
7. ਵਾਤਾਵਰਣ ਇੰਜੀਨੀਅਰ (ਉਸਾਰੀ/ਮੈਗਾ/ਈ.ਪੀ.ਏ/ਕੰਪਿਊਟਰਜ਼), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
8. ਵਿਗਿਆਨਕ ਅਫਸਰ (ਹਵਾ ਪ੍ਰਯੋਗਸ਼ਾਲਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
9. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
10. ਡਿਪਟੀ ਡਾਇਰੈਕਟਰ (ਲੋਕ ਸੰਪਰਕ)/ਸੀਨੀਅਰ ਕਾਨੂੰਨੀ ਅਫਸਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
11. ਪੀ.ਐਸ ਟੂ ਚੇਅਰਮੈਨ/ਪੀ.ਏ ਟੂ ਮੈਂਬਰ ਸਕੱਤਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
12. ਕੇਅਰਟੇਕਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ।

ਕਰੁਨੇਸ਼ ਗਰਗ 14/11/19
(ਇੰਜ: ਕਰੁਨੇਸ਼ ਗਰਗ)
ਮੈਂਬਰ ਸਕੱਤਰ

Scanned by CamScanner